# ਅਕਤੂਬਰ ਮਹੀਨੇ ਦੇ ਖੇਤੀ ਰੁਝੇਵੇਂ

**ਗੰਨਾ:** ਇਸ ਮਹੀਨੇ ਦੀ 20 ਤਰੀਕ ਤੱਕ ਗੰਨੇ ਦੀ ਬਿਜਾਈ ਖ਼ਤਮ ਕਰ ਲਵੋ। ਬੀਜ ਨੂੰ ਸਿਫ਼ਾਰਸ਼ ਅਨੁਸਾਰ ਸੋਧ ਲਵੋ। ਕਤਾਰਾਂ ਦਾ ਫ਼ਾਸਲਾ 90 ਸੈਂ.ਮੀ. ਰੱਖੋ। ਕਤਾਰਾਂ ਵਿਚਕਾਰ ਸਰ੍ਹੋਂ, ਮਟਰ, ਗੋਭੀ ਸਰ੍ਹੋਂ, ਬੰਦ ਗੋਭੀ, ਛੋਲੇ, ਕਣਕ, ਮੂਲੀ, ਲ਼ਸਣ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ।

**ਕਣਕ**: ਸੇਂਜੂ ਹਾਲਤਾਂ ਲਈ ਕਣਕ ਦੀਆਂ ਪੀ ਬੀ ਡਬਲਯੂ 725, ਪੀ ਬੀ ਡਬਲਯੂ 677, ਐਚ ਡੀ 3086, ਡਬਲਯੂ ਐਚ 1105, ਪੀ ਬੀ ਡਬਲਯੂ 621, ਐਚ ਡੀ 2967 ਅਤੇ ਵਡਾਣਕ ਕਣਕ ਦੀਆਂ ਡਬਲਯੂ ਐਚ ਡੀ 943 ਅਤੇ ਪੀ ਡੀ ਡਬਲਯੂ 291 ਕਿਸਮਾਂ ਦੀ ਸਿਫਾਰਸ਼ ਕੀਤੀ ਜਾਂਦੀ ਹੈ।ਸੇਂਜੂ ਹਾਲਤਾਂ ਵਿੱਚ ਦਰਮਿਆਨੀ ਜ਼ਰਖੇਜ਼ ਜ਼ਮੀਨਾਂ ਲਈ ਠੀਕ ਸਮੇਂ ਤੇ ਬੀਜੀ ਜਾਣ ਵਾਲੀ ਫ਼ਸਲ ਨੂੰ 55 ਕਿੱਲੋ ਡੀ ਏ ਪੀ ਪ੍ਰਤੀ ਏਕੜ ਬਿਜਾਈ ਸਮੇਂ ਪਾਓ। ਜੇਕਰ 155 ਕਿੱਲੋ ਸਿੰਗਲ ਸੁਪਰਫਾਸਫੇਟ ਦੀ ਵਰਤੋਂ ਫਾਸਫੋਰਸ ਦੀ ਪੂਰਤੀ ਲਈ ਕਰਨੀ ਹੈ ਤਾਂ 20 ਕਿੱਲੋ ਯੂਰੀਆ ਰੌਣੀ ਕਰਨ ਤੋਂ ਪਹਿਲਾਂ ਜਾਂ ਆਖ਼ਰੀ ਵਾਹੀ ਨਾਲ ਪਾਉ।ਪੋਟਾਸ਼ ਵਿੱਚ ਘਾਟ ਵਾਲੀਆਂ ਜਮੀਨਾਂ ਵਿੱਚ ਕਣਕ ਨੂੰ ਬਿਜਾਈ ਵੇਲੇ 20 ਕਿਲੋ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਏਕੜ ਹਿਸਾਬ ਨਾਲ ਪਾਓ। ਗੁਰਦਾਸਪੁਰ, ਹੁਸ਼ਿਆਰਪੁਰ, ਰੂਪਨਗਰ ਅਤੇ ਸ਼ਹੀਦ ਭਗਤ ਸਿੰਘ ਨਗਰ ਵਿੱਚ ਪੋਟਾਸ਼ ਖਾਦ ਦੀ ਮਾਤਰਾ ਦੁਗਣੀ ਕਰ ਦਿਓ।ਯੂਰੀਆ ਖਾਦ ਦੀ ਲੋੜ ਅਨੁਸਾਰ ਵਰਤੋਂ ਲਈ ਪੀ ਏ ਯੂ ਪੱਤਾ ਰੰਗ ਚਾਰਟ ਵਰਤੋਂ।

ਕਣਕ ਦੀ ਬਿਜਾਈ ਸਮੇਂ ਦਰਮਿਆਨੀ ਉਪਜਾਊ ਸ਼ਕਤੀ ਵਾਲੀਆਂ ਮਿੱਟੀਆਂ ਵਿਚ 55 ਕਿੱਲੋ ਡੀ.ਏ.ਪੀ./ਏਕੜ ਡਰਿਲ ਕਰੋ ਅਤੇ ਬਿਜਾਈ ਸਮੇਂ ਯੂਰੀਆ ਪਾਉਣ ਦੀ ਲੋੜ ਨਹੀਂ।ਪਹਿਲੇ ਪਾਣੀ ਨਾਲ ਸਮੇਂ ਸਿਰ ਬੀਜੀ ਕਣਕ ਨੂੰ 40 ਕਿੱਲੋ ਅਤੇ ਪਛੇਤੀ (ਅੱਧ ਦਸੰਬਰ ਤੋਂ ਬਾਅਦ ਬੀਜੀ) ਕਣਕ ਨੂੰ 25 ਕਿੱਲੋ ਯੂਰੀਆ/ਏਕੜ ਪਾਓ।ਦੂਸਰੇ ਪਾਣੀ ਤੋਂ ਪਹਿਲਾਂ (ਬਿਜਾਈ ਤੋਂ ਲਗਭਗ 50-55 ਦਿਨਾਂ ਬਾਅਦ) ਦਸ ਪੌਦਿਆਂ ਦੇ ਉੱਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ ਪੌਦੇ ਨਾਲੋਂ ਤੋੜੇ ਬਿਨ੍ਹਾਂ ਪੱਤਾ ਰੰਗ ਚਾਰਟ ਨਾਲ ਆਪਣੇ ਪਰਛਾਵੇਂ ਹੇਠ ਮਿਲਾਓ।ਪੱਤਿਆਂ ਦੇ ਰੰਗ ਦੇ ਹਿਸਾਬ ਨਾਲ ਹੇਠ ਲਿਖੇ ਅਨੁਸਾਰ ਯੂਰੀਆ ਖਾਦ ਪਾਓ:

| **ਪੱਤਾ ਰੰਗ** | **ਪੀ.ਏ.ਯੂ.-ਪੱਤਾ ਰੰਗ ਚਾਰਟ ਦੀ ਟਿੱਕੀ ਨੰਬਰ** | | | |
|---|---|---|---|---|
| | 5.0 ਤੋਂ ਜ਼ਿਆਦਾ | 4.5 ਤੋਂ 5.0 ਤੱਕ | 4.0 ਤੋਂ 4.5 ਤੱਕ | 4.0 ਤੋਂ ਘੱਟ |
| **ਯੂਰੀਆ (ਕਿੱਲੋ/ਏਕੜ)** | 15 | 30 | 40 | 55 |

**ਨੋਟ:**ਰੰਗ ਮਿਲਾਉਣ ਲਈ ਚੁਣੇ ਪੌਦਿਆਂ ਉੱਪਰ ਬਿਮਾਰੀ/ਕੀੜਿਆਂ ਦਾ ਹਮਲਾ ਜਾਂ ਹੋਰ ਖੁਰਾਕੀ ਤੱਤਾਂ ਦੀ ਘਾਟ ਨਹੀਂ ਹੋਣੀ ਚਾਹੀਦੀ।

ਬਰਾਨੀ ਹਾਲਤਾਂ ਵਿੱਚ ਪੀ ਬੀ ਡਬਲਯੂ 660 ਅਤੇ ਪੀ ਬੀ ਡਬਲਯੂ 644 ਕਿਸਮਾਂ ਦੀ ਅਕਤੂਬਰ ਮਹੀਨੇ ਦੇ ਆਖਰੀ ਹਫ਼ਤੇ ਬਿਜਾਈ ਕਰੋ। ਬਰਾਨੀ ਕਣਕ ਬਿਜਾਈ ਵੇਲੇ 35 ਕਿੱਲੋ ਯੂਰੀਆ, 100 ਕਿੱਲੋ ਸਿੰਗਲ ਸੁਪਰਫਾਸਫੇਟ ਤੇ 20 ਕਿੱਲੋ ਮਿਊਰੇਟ ਆਫ ਪੋਟਾਸ਼ ਦਰਮਿਆਨੀਆਂ ਤੇ ਭਾਰੀਆਂ ਜ਼ਮੀਨਾਂ ਵਿੱਚ ਪਾਉ। ਬਾਕੀ ਰਹਿੰਦੀ 35 ਕਿੱਲੋ ਯੂਰੀਆ ਛੱਟੇ ਨਾਲ ਸਰਦੀ ਰੁੱਤ ਦੀ ਵਰਖਾ ਸਮੇਂ ਪਾਉ। ਬਹੁਤੀਆਂ ਹਲਕੀਆਂ ਜ਼ਮੀਨਾਂ ਵਿੱਚ ਇਹਨਾਂ ਖਾਦਾਂ ਦੀ ਮਿਕਦਾਰ ਅੱਧੀ ਵਰਤੋ ਤੇ ਸਾਰੀਆ ਖਾਦਾਂ ਬਿਜਾਈ ਵੇਲੇ ਪਾਉ। ਹਲਕੀਆਂ ਜ਼ਮੀਨਾਂ ਖਾਸ ਕਰਕੇ ਬਰਾਨੀ ਖੇਤੀ ਵਿੱਚ ਸਿਉਂਕ ਬਹੁਤ ਹੀ ਨੁਕਸਾਨਕਾਰੀ ਕੀੜਾ ਹੈ। ਇਸ ਤੋਂ ਬਚਣ ਲਈ ਬੀਜਣ ਤੋਂ ਪਹਿਲਾਂ ਕਣਕ ਦੇ ਬੀਜ ਨੂੰ 1 ਗ੍ਰਾਮ ਕਰੂਜ਼ਰ ਜਾਂ 4 ਮਿ.ਲਿ. ਡਰਸਬਾਨ/ਰੂਬਾਨ/ਡਰਮਟ 20 ਤਾਕਤ (ਕਲੋਰਪਾਈਰੀਫੋਸ) ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਉ। **2 ਮਿ.ਲਿ.** ਨਿਉਨਿਕਸ **ਪ੍ਰਤੀ ਕਿੱਲੋ ਬੀਜ** ਨਾਲ ਸੋਧੇ ਹੋਏ ਬੀਜ ਨੂੰ ਕਾਂਗਿਆਰੀ ਵੀ ਨਹੀਂ ਲੱਗਦੀ।

**ਸਿੱਟੇ ਅਤੇ ਪੱਤੇ ਦੀ ਕਾਂਗਿਆਰੀ**: ਬੀਜ ਨੂੰ ਬੀਜਣ ਤੋਂ ਪਹਿਲਾਂ ਰੈਕਸਿਲ ਈ ਜੀ/ਓਰੀਅਸ 0.33 ਮਿ.ਲਿ. ਪ੍ਰਤੀ ਕਿੱਲੋ ਬੀਜ ਜਾਂ ਵੀਟਾਵੈਕਸ ਪਾਵਰ 3.0 ਗ੍ਰਾਮ ਜਾਂ ਵੀਟਾਵੈਕਸ 2.0 ਗ੍ਰਾਮ ਜਾਂ ਟੈਬੂਸੀਡ/ਐਕਸਜ਼ੋਲ/ਸੀਡੈਕਸ ਇੱਕ

ਗ੍ਰਾਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਉ। ਬੀਜ ਸੋਧ ਡਰੱਮ ਨਾਲ ਕਰੋ।ਬੀਜ ਦੀ ਸੋਧ ਬਿਜਾਈ ਤੋਂ ਕਦੇ ਵੀ ਇੱਕ ਮਹੀਨੇ ਤੋਂ ਪਹਿਲਾਂ ਨਾ ਕਰੋ।

**ਦਾਲਾਂ**

**ਛੋਲੇ** : ਦੱਖਣ-ਪੱਛਮੀ ਅਤੇ ਕੇਂਦਰੀ ਜ਼ਿਲ੍ਹਿਆਂ ਵਿੱਚ ਛੋਲਿਆਂ ਦੀਆਂ ਪੀ ਡੀ ਜੀ 3, ਪੀ ਡੀ ਜੀ 4 (ਬਰਾਨੀ ਹਾਲਤਾਂ ਲਈ 10 ਤੋਂ 25 ਅਕਤੂਬਰ ਤੱਕ) ਅਤੇ ਜੀ ਪੀ ਐੱਫ 2 ਕਿਸਮ ਦੀ ਬਿਜਾਈ ਕਰ ਦਿਉ। ਜਦੋਂ ਕਿ ਨੀਮ ਪਹਾੜੀ ਇਲਾਕਿਆਂ ਵਿੱਚ ਪੀ ਬੀ ਜੀ 5 ਅਤੇ ਪੀ ਬੀ ਜੀ 1 ਕਿਸਮ ਬੀਜੋ ਜੋ ਝੁਲਸ ਰੋਗ ਆਦਿ ਬੀਮਾਰੀਆਂ ਸਹਾਰਨ ਦੀ ਸਮਰੱਥਾ ਰੱਖਦੀ ਹੈ। ਪੀ ਬੀ ਜੀ 7 ਕਿਸਮ ਪੰਜਾਬ ਦੇ ਸਾਰੇ ਜਿਲ੍ਹਿਆਂ ਲਈ ਸੇਂਜੂ ਹਾਲਤਾਂ ਵਿੱਚ ਬੀਜੀ ਜਾ ਸਕਦੀ ਹੈ। ਅਕਤੂਬਰ ਦਾ ਅਖੀਰਲਾ ਹਫ਼ਤਾ ਦੇਸੀ ਅਤੇ ਕਾਬਲੀ ਛੋਲਿਆਂ ਐਲ 552 ਕਿਸਮਾਂ ਬੀਜਣ ਲਈ ਢੁੱਕਵਾਂ ਸਮਾਂ ਹੈ। ਝੁਲਸ ਰੋਗ ਦੀ ਬਿਮਾਰੀ ਤੋਂ ਬਚਾਉਣ ਲਈ ਬਿਮਾਰੀ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਪੀ ਬੀ ਜੀ 7 ਜਾਂ ਪੀ ਬੀ ਜੀ 5 ਕਿਸਮਾਂ ਬੀਜੋ। ਦੇਸੀ ਛੋਲਿਆਂ ਦੀ ਬਿਜਾਈ ਸਮੇਂ 13 ਕਿੱਲੋ ਯੂਰੀਆ ਅਤੇ 50 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਵਰਤੋ। ਜਦਕਿ ਕਾਬਲੀ ਛੋਲਿਆਂ ਨੂੰ 13 ਕਿੱਲੋ ਯੂਰੀਆ ਅਤੇ 100 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਬਿਜਾਈ ਸਮੇਂ ਜੀਵਾਣੂ ਖਾਦ ਦੇ ਮਿਸ਼ਰਣ ਦਾ ਟੀਕਾ ਵੀ ਲਗਾਉਣਾ ਚਾਹੀਦਾ ਹੈ।

**ਮਸਰ** : ਮਸਰਾਂ ਦੀ ਬਿਜਾਈ ਅਕਤੂਬਰ ਦੇ ਅਖ਼ੀਰ ਤੋਂ ਸ਼ੁਰੂ ਕਰ ਦਿਉ। ਐੱਲ ਐੱਲ 931, ਐੱਲ ਐੱਲ 699 ਕਿਸਮਾਂ ਬੀਜੋ। ਮਸਰਾਂ ਦੀ ਫ਼ਸਲ ਦਾ ਵਧੀਆ ਝਾੜ ਲੈਣ ਲਈ ਬੀਜ ਨੂੰ ਰਾਈਜ਼ੋਬੀਅਮ ਦਾ ਟੀਕਾ ਜ਼ਰੂਰ ਲਾਉ ਅਤੇ ਬਿਜਾਈ ਵੇਲੇ 11 ਕਿੱਲੋ ਯੂਰੀਆ ਅਤੇ 50 ਕਿੱਲੋ ਸੁਪਰਫਾਸਫੇਟ ਪ੍ਰਤੀ ਏਕੜ ਪਾਓ। ਜੇ ਟੀਕਾ ਨਹੀਂ ਲਾਇਆ ਤਾਂ 100 ਕਿੱਲੋ ਸਿੰਗਲ ਸੁਪਰਫਾਸਫੇਟ ਬਿਜਾਈ ਸਮੇਂ ਪਾਉ।

**ਤੇਲ ਬੀਜ** : ਰਾਇਆ ਦੀਆਂ ਆਰ ਐਲ ਸੀ 3, ਪੀ ਬੀ ਆਰ 357, ਪੀ ਬੀ ਆਰ 210, ਪੀ ਬੀ ਆਰ 91, ਆਰ ਐੱਲ ਐੱਮ 619 ਕਿਸਮਾਂ ਸੇਂਜੂ ਹਾਲਤਾਂ ਲਈ ਢੁੱਕਵੀਆਂ ਹਨ ਅਤੇ ਬਰਾਨੀ ਹਾਲਤਾਂ ਲਈ ਪੀ ਬੀ ਆਰ 97 ਕਿਸਮ ਬੀਜੋ। ਪੀ ਬੀ ਆਰ 210 ਅਤੇ ਪੀ ਬੀ ਆਰ 91 ਕੇਵਲ ਦੱਖਣ-ਪੱਛਮੀ ਇਲਾਕਿਆਂ ਲਈ ਸਿਫ਼ਾਰਸ਼ ਹਨ। ਰਾਇਆ ਦੀ ਫ਼ਸਲ ਲਈ ਢੁਕਵਾਂ ਸਮਾਂ ਅਕਤੂਬਰ ਦਾ ਦੂਜਾ ਪੰਦਰਵਾੜਾ ਹੈ। ਗੋਭੀ ਸਰ੍ਹੋਂ ਜੀ ਐੱਸ ਸੀ 7, ਜੀ ਐੱਸ ਸੀ-6, ਜੀ ਐਸ ਐੱਲ 1, ਜੀ ਐੱਸ ਐੱਲ 2 ਅਤੇ ਪੀ ਏ ਸੀ 401 (ਹਾਈਓਲਾ) ਕਿਸਮਾਂ ਦੀ ਬਿਜਾਈ 10 ਅਕਤੂਬਰ ਤੋਂ ਸੁਰੂ ਕਰ ਦੇਣੀ ਚਾਹੀਦੀ ਹੈ। ਅਫ਼ਰੀਕਨ ਸਰ੍ਹੋਂ ਪੀ ਸੀ 5 ਦੀ ਬਿਜਾਈ ਵੀ ਇਸ ਸਾਰੇ ਮਹੀਨੇ ਵਿੱਚ ਕੀਤੀ ਜਾ ਸਕਦੀ ਹੈ। ਰਾਇਆ ਅਤੇ ਗੋਭੀ ਸਰ੍ਹੋਂ ਨੂੰ 45 ਕਿੱਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਤੇ 10 ਕਿੱਲੋ ਮਿਊਰੇਟ ਆਫ਼ ਪੋਟਾਸ਼ (ਸਿਰਫ ਘਾਟ ਵਾਲੀਆ ਜ਼ਮੀਨਾ ਵਿੱਚ) ਪ੍ਰਤੀ ਏਕੜ ਦੇ ਹਿਸਾਬ ਪਾਉਣ ਦੀ ਜ਼ਰੂਰਤ ਹੈ। ਯੂਰੀਆ ਖਾਦ ਰੌਣੀ ਤੋਂ ਪਹਿਲਾਂ ਵੀ ਪਾਈ ਜਾ ਸਕਦੀ ਹੈ। ਹਲਕੀਆਂ ਜ਼ਮੀਨਾਂ ਵਿੱਚ ਗੋਭੀ ਸਰ੍ਹੋਂ ਲਈ ਯੂਰੀਆ 65 ਕਿੱਲੋ ਕਰ ਦਿਉ। ਬਰਾਨੀ ਹਾਲਤਾਂ ਵਿੱਚ ਰਾਇਆ ਨੂੰ 33 ਕਿੱਲੋ ਯੂਰੀਆ ਅਤੇ 50 ਕਿੱਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ।

**ਨਦੀਨਾਂ ਦੀ ਰੋਕਥਾਮ**: ਤੋਰੀਏ ਨੂੰ ਬਿਜਾਈ ਤੋਂ 3 ਹਫ਼ਤੇ ਪਿੱਛੋਂ ਇੱਕ ਗੋਡੀ ਅਤੇ ਰਾਇਆ, ਗੋਭੀ ਸਰ੍ਹੋਂ ਅਤੇ ਤਾਰਾਮੀਰਾ ਨੂੰ ਕਸੌਲੇ ਨਾਲ ਇੱਕ ਜਾਂ ਦੋ ਗੋਡੀਆਂ ਕਾਫ਼ੀ ਹਨ।

**ਚਾਰੇ**: ਅਕਤੂਬਰ ਦੇ ਪਹਿਲੇ ਹਫ਼ਤੇ ਤੱਕ ਬਰਸੀਮ ਅਤੇ ਸਫਤਲ ਦੀ ਬਿਜਾਈ ਕਰ ਦੇਣੀ ਚਾਹੀਦੀ ਹੈ। ਪਹਿਲੇ ਲੋਅ ਤੋਂ ਵਧੇਰੇ ਝਾੜ ਪ੍ਰਾਪਤ ਕਰਨ ਲਈ ਬਰਸੀਮ ਅਤੇ ਸਫਤਲ ਵਿੱਚ ਸਰੋਂ ਅਤੇ ਜਵੀ ਨੂੰ ਰਲਾ ਕੇ ਬੀਜੋ। ਇਸ ਤਰਾਂ ਕਰਨ ਨਾਲ ਇਟਸਿਟ ਤੇ ਵੀ ਕਾਬੂ ਪਾਇਆ ਜਾ ਸਕਦਾ ਹੈ। ਇਹ ਮਹੀਨਾ ਲੂਸਣ, ਜਵੀ ਅਤੇ ਸੇਂਜੀ ਲਈ ਵੀ ਢੁਕਵਾਂ ਹੈ। ਬਰਸੀਮ ਦੀ ਫ਼ਸਲ ਨੂੰ 6 ਟਨ ਦੇਸੀ ਰੂੜੀ ਅਤੇ 125 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਦੇ ਹਿਸਾਬ ਬਿਜਾਈ ਤੋਂ ਪਹਿਲਾਂ ਪਾਉ। ਜਿੱਥੇ ਦੇਸੀ ਖਾਦ ਨਹੀਂ ਮਿਲਦੀ, ਉੱਥੇ 185 ਕਿਲੋ ਸਿੰਗਲ ਸੁਪਰਫਾਸਫੇਟ ਦੇ ਨਾਲ 22 ਕਿਲੋ ਯੂਰੀਆ/ਏਕੜ ਵਰਤੋ।ਵਾਧੂ ਮੱਕੀ ਜਾਂ ਚਰ੍ਹੀ ਦਾ ਆਚਾਰ ਬਣਾ ਕੇ ਰੱਖ ਦਿਉ ਤਾਂ ਜੋ ਚਾਰੇ ਦੀ ਘਾਟ ਸਮੇਂ ਵਰਤਿਆ ਜਾ ਸਕੇ ਅਤੇ ਅਜਿਹਾ ਕਰਨ ਨਾਲ ਦੁੱਧ ਉਤਪਾਦਨ ਵੀ ਸਸਤਾ ਪਵੇਗਾ।

## ਸਬਜ਼ੀਆਂ

**ਜੜ੍ਹਦਾਰ ਸਬਜ਼ੀਆਂ** : ਮੂਲੀ ਦੀਆਂ ਕਿਸਮਾਂ, ਪੰਜਾਬ ਸਫੈਦ ਮੂਲੀ-2, ਪੰਜਾਬ ਪਸੰਦ ਅਤੇ ਸ਼ਲਗਮ ਦੀ ਐਲ-1 ਅਤੇ ਗਾਜ਼ਰ ਦੀ ਪੰਜਾਬ ਬਲੈਕ ਬਿਊਟੀ, ਪੰਜਾਬ ਕੈਰਟ ਰੈਂਡ ਅਤੇ ਪੀ ਸੀ-161 ਦੀ ਬਿਜਾਈ ਖਤਮ ਕਰ ਦਿਓ। 15 ਟਨ ਗਲੀ ਸੜੀ ਰੂੜੀ ਬਿਜਾਈ ਤੋਂ 10 ਦਿਨ ਪਹਿਲਾ ਚੰਗੀ ਤਰ੍ਹਾਂ ਜ਼ਮੀਨ ਵਿੱਚ ਮਿਲਾਉ। ਇਸ ਤੋਂ ਇਲਾਵਾ 55 ਕਿਲੋ ਯੂਰੀਆ ਅਤੇ 75 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਵਧੀਆ ਕੁਆਲਟੀ ਦੀ ਗਾਜ਼ਰ ਪੈਦਾ ਕਰਨ ਲਈ 50 ਕਿਲੋ ਪੋਟਾਸ਼ ਪ੍ਰਤੀ ਏਕੜ ਜਰੂਰ ਪਾਉ। ਗਾਜ਼ਰ ਅਤੇ ਮੂਲੀ ਦਾ 4-5 ਕਿੱਲੋ ਅਤੇ ਸ਼ਲਗਮ ਦਾ 2-3 ਕਿੱਲੋ ਬੀਜ ਪ੍ਰਤੀ ਏਕੜ ਪਾਉ।ਇਹਨਾਂ ਫਸਲਾਂ ਨੂੰ ਤਦ ਹੀ ਪਾਣੀ ਦਿਉ ਜਦੋ ਜਰੂਰਤ ਸਮਝੋ, ਨਹੀ ਤਾਂ ਪੱਤੇ ਬਹੁਤ ਵੱਧ ਜਾਣਗੇ ਅਤੇ ਮੂਲੀ, ਸ਼ਲਗਮ ਉਂਪਰ ਵਾਲਾ ਦਾ ਵਾਧਾ, ਫੱਟਣਾ, ਧੱਬੇ ਅਤੇ ਵਾਧੂ ਜੜ੍ਹਾਂ ਆਦਿ ਆ ਜਾਣਗੀਆਂ।ਬੂਟਿਆਂ ਨੂੰ ਬਿਜਾਈ ਤੋਂ 15 ਦਿਨਾਂ ਬਾਅਦ ਵਿਰਲਾ ਕਰ ਦਿਓ ਤਾਂ ਜੋ ਜੜ੍ਹਾਂ ਇਕਸਾਰ ਅਤੇ ਨਰੋਈਆਂ ਪੈਦਾ ਹੋ ਸਕਣ।ਵੱਡੇ ਪੱਧਰ ਤੇ ਬਿਜਾਈ ਟਰੈਕਟਰ ਨਾਲ ਚੱਲਣ ਵਾਲੀ ਇੰਨਕਲਾਈਡ ਪਲੇਟ ਪਲਾਂਟਰ ਮਸ਼ੀਨ ਨਾਲ 67.5 ਸੈਂਟੀਮੀਟਰ ਚੌੜੇ ਬੈਡਾਂ ਤੇ ਕੀਤੀ ਜਾ ਸਕਦੀ ਹੈ। ਇਹ ਮਸ਼ੀਨ ਇੱਕ ਬੈਡ ਤੇ ਚਾਰ ਕਤਾਰਾਂ ਜਿਹਨਾਂ ਵਿੱਚ ਫ਼ਾਸਲਾ 10 ਸੈਂਟੀਮੀਟਰ ਤੇ ਬੂਟੇ ਤੋਂ ਬੂਟੇ ਦਾ ਫ਼ਾਸਲਾ 8 ਸੈਂਟੀਮੀਟਰ ਤੇ ਬਿਜਾਈ ਕਰਦੀ ਹੈ । ਮਸ਼ੀਨ ਨਾਲ ਬਿਜਾਈ ਕੀਤੀ ਗਾਜਰ ਨੂੰ ਵਿਰਲਾ ਕਰਨ ਦੀ ਲੋੜ ਨਹੀਂ ਪੈਂਦੀ ।

**ਗੋਭੀ**: ਬੰਦ ਗੋਭੀ 60×45 ਸੈਂ. ਮੀ, ਚੀਨੀ ਗੋਭੀ 30×30 ਸੈਂ. ਮੀ., ਫੁੱਲ ਗੋਭੀ 45×30 ਸੈਂ. ਮੀ. ਅਤੇ ਬਰੋਕਲੀ 45×45 ਦੀ ਵਿੱਥ ਤੇ 4 ਤੋਂ 6 ਹਫਤੇ ਪੁਰਾਣੀ ਪੁੱਕ ਕੇ ਲਗਾਉਣੀ ਸੁਰੂ ਕਰ ਦਿਉ। ਹਫਤੇ-ਹਫਤੇ ਬਾਅਦ ਪਾਣੀ ਦਿੰਦੇ ਰਹੋ। ਜਿੱਥੇ ਬੂਟੇ ਮਰ ਗਏ ਹਨ, ਦੁਬਾਰਾ ਲਗਾ ਕੇ ਪਾਣੀ ਦੇ ਦਿਉ ਤਾਂ ਚੰਗੀ ਫਸਲ ਮਿਲੇ।40 ਟਨ ਗਲੀ ਸੜੀ ਰੂੜੀ, 50 ਕਿਲੋ ਨਾਈਟ੍ਰੋਜਨ (110 ਕਿਲੋ ਯੂਰੀਆ), 25 ਕਿਲੋ ਫ਼ਾਸਫ਼ੋਰਸ (155 ਕਿਲੋ ਸੁਪਰਫ਼ਾਸਫ਼ੇਟ) ਅਤੇ 25 ਕਿਲੋ ਪੋਟਾਸ਼ (40 ਕਿਲੋ ਮਿਉਰੇਟ ਆਫ਼ ਪੋਟਾਸ਼) ਪ੍ਰਤੀ ਏਕੜ ਦੇ ਹਿਸਾਬ ਪਾਉ । ਸਾਰੀ ਰੂੜੀ, ਫ਼ਾਸਫ਼ੋਰਸ ਤੇ ਪੋਟਾਸ਼ ਅਤੇ ਅੱਧੀ ਨਾਈਟ੍ਰੋਜਨ ਵਾਲੀ ਖਾਦ ਪਨੀਰੀ ਲਾਉਣ ਤੋਂ ਪਹਿਲਾਂ ਖੇਤ ਵਿੱਚ ਪਾ ਦਿਉ।

**ਆਲੂ:** ਆਲੂ ਦੀ ਫ਼ਸਲ ਬੀਜਣ ਸਮੇਂ 20 ਟਨ ਦੇਸੀ ਗਲੀ ਸੜੀ ਰੂੜੀ, 80 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ, 40 ਕਿਲੋ ਮਿਊਰੇਟ ਆਫ ਪੋਟਾਸ਼ ਖਾਦ ਪ੍ਰਤੀ ਏਕੜ ਦੇ ਹਿਸਾਬ ਖੇਤ ਵਿੱਚ ਪਾਉ। ਦੇਸੀ ਖਾਦ ਬਿਜਾਈ ਦੇ ਦਸ ਦਿਨ ਪਹਿਲਾਂ ਪਾਉ। ਜਦੋਂ ਕਿ ਦੂਸਰੀਆਂ ਖਾਦਾਂ ਬਿਜਾਈ ਸਮੇਂ ਪਾਉ ਅਤੇ ਇਨ੍ਹਾਂ ਨੂੰ ਜ਼ਮੀਨ ਵਿੱਚ ਮਿਲਾ ਦਿਉ। ਬਿਜਾਈ ਤੋਂ ਤੁਰੰਤ ਬਾਅਦ ਖੇਤ ਵਿੱਚ 25 ਕੁਇੰਟਲ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਵਿਛਾਉਣ ਨਾਲ ਨਦੀਨਾਂ ਦੀ ਚੰਗੀ ਰੋਕਥਾਮ ਕੀਤੀ ਜਾ ਸਕਦੀ ਹੈ । ਇਸ ਤੋਂ ਇਲਾਵਾ ਨਦੀਨਾਂ ਦੀ ਰੋਕਥਾਮ ਲਈ ਗਰਾਮੈਕਸੋਨ 500-750 ਮਿਲੀਲਿਟਰ ਦਾ ਛਿੜਕਾਅ ਤਦ ਕਰੋ ਜਦੋਂ ਫ਼ਸਲ 5-10 ਪ੍ਰਤੀਸ਼ਤ ਤੱਕ ਉੱਗ ਆਈ ਹੋਵੇ, ਪਰ ਨਦੀਨ ਪੂਰੀ ਤਰ੍ਹਾਂ ਉੱਗ ਆਏ ਹੋਣ।ਝੁਲਸ ਰੋਗ ਦੀ ਰੋਕਥਾਮ ਲਈ ਨਿਰੋਗ ਅਤੇ ਨਰੋਇਆ ਬੀਜ ਵਰਤੋ। ਬਿਮਾਰ ਅਤੇ ਰੋਗੀ ਆਲੂਆਂ ਨੂੰ ਗੋਦਾਮਾਂ ਵਿੱਚੋਂ ਕੱਢਣ ਤੇ ਛਾਂਟੀ ਕਰਨ ਪਿੱਛੋਂ ਢੇਰਾਂ ਵਿੱਚ ਨਾ ਛੱਡੋ, ਸਗੋਂ ਟੋਏ ਕੱਢ ਕੇ ਦੱਬ ਦਿਉ। ਬੀਜ ਨੂੰ ਬੀਮਾਰੀ (ਝੁਲਸ ਰੋਗ) ਤੋਂ ਮੁਕਤ ਰੱਖਣ ਲਈ ਉੱਚੀਆਂ ਵੱਟਾਂ ਬਣਾਉ ਅਤੇ ਬੀਜ ਨੂੰ 10 ਮਿੰਟ ਲਈ 0.083% ਇਮਿਸਟੋ ਪ੍ਰਾਇਮ ਜਾਂ 0.25% ਮੋਨਸਰਨ ਦੇ ਘੋਲ ਵਿੱਚ ਸੋਧ ਲਉ। ਸਕੈਬ ਨਾਲ ਪ੍ਰਭਾਵਿਤ ਖੇਤਾਂ ਵਿੱਚ ਆਲੂਆਂ ਦੀ ਬਿਜਾਈ ਨਾ ਕਰੋ।ਇਸ ਬਿਮਾਰੀ ਘਟਾਉਣ ਲਈ ਆਲੂ ਬਣਨ ਸਮੇਂ ਮਿੱਟੀ ਨੂੰ ਸਿੱਲ੍ਹੀ ਰੱਖੋ। ਜੇਕਰ ਅਕਤੂਬਰ ਦੇ ਤੀਸਰੇ-ਚੋਥੇ ਹਫ਼ਤੇ ਭਾਰੀ ਬਾਰਸ਼ ਹੋਈ ਹੈ ਤਾਂ ਫ਼ਸਲ ਨੂੰ ਪਿਛੇਤੇ ਝੁਲਸ ਰੋਗ ਤੋਂ ਬਚਾਉਣ ਲਈ ਇੰਡੋਫਿਲ ਐਮ-45/ਮਾਸ ਐਮ-45/ਕਵਚ/ਮਾਰਕਜ਼ੈਬ/ਐਂਟਰਾਕੋਲ ਦਾ 500-700 ਗ੍ਰਾਮ ਪ੍ਰਤੀ ਏਕੜ ਦੇ ਹਿਸਾਬ ਫ਼ਸਲ ਤੇ ਛਿੜਕਾਅ ਕਰੋ।

**ਟਮਾਟਰ**: 100 ਗ੍ਰਾਮ ਬੀਜ ਇੱਕ ਏਕੜ ਦੀ ਪਨੀਰੀ ਤਿਆਰ ਕਰਨ ਲਈ 100 ਗ੍ਰਾਮ ਬੀਜ ਦੋ ਮਰਲੇ (50 ਸੁਕੇਅਰ ਮੀਟਰ) ਵਿੱਚ ਬੀਜੋ। ਨਜ਼ਦੀਕ ਮੰਡੀਆਂ ਲਈ ਪੰਜਾਬ ਰੱਤਾ ਅਤੇ ਘਰ ਬਗੀਚਿਆਂ ਲਈ ਪੰਜਾਬ ਰੈਂਡ ਚੈਰੀ, ਪੰਜਾਬ ਸੋਨਾ ਚੈਰੀ ਅਤੇ ਪੰਜਾਬ ਕੇਸਰ ਚੈਰੀ ਕਿਸਮਾਂ ਬੀਜੋ। ਕੁਝ ਦੂਰ ਵਾਲੀਆਂ ਮੰਡੀਆਂ ਲਈ ਅਤੇ ਟਮਾਟਰਾਂ ਤੋਂ ਤਿਆਰ ਹੋਣ ਵਾਲੇ ਪਦਾਰਥਾਂ ਲਈ ਪੰਜਾਬ ਛੁਹਾਰਾ ਜਾਂ ਪੀ ਟੀ ਐਚ-2 ਕਿਸਮਾਂ ਬੀਜੋ। ਜਿੰਨ੍ਹਾਂ ਖੇਤਾਂ ਵਿੱਚ ਨੀਮਾਟੋਡ ਹੋਣ, ਉਨ੍ਹਾਂ ਵਿੱਚ ਪੰਜਾਬ ਐਨ ਆਰ 7 ਕਿਸਮ ਬੀਜੋ।ਨਰਸਰੀ ਲਗਾਉਣ ਤੋਂ ਪਹਿਲਾ ਬੀਜ ਨੂੰ ਕੈਪਟਾਨ 3 ਗ੍ਰਾਮ ਪ੍ਰਤੀ ਕਿਲੋ ਬੀਜ ਦੇ ਹਿਸਾਬ ਨਾਲ ਸੋਧੋ।

**ਗੰਢੇ**: ਇੱਕ ਏਕੜ ਗੰਢਿਆਂ ਦੀ ਪਨੀਰੀ ਤਿਆਰ ਕਰਨ ਲਈ 15 ਤੋਂ 20 ਸੈਂਟੀਮੀਟਰ ਉੱਚੇ ਬੈੱਡ ਰੱਖ ਕੇ 4-5 ਕਿਲੋ ਬੀਜ ਦੀ ਬਿਜਾਈ ਲਈ 8 ਮਰਲੇ ਵਿੱਚ ਬੀਜ ਦਿਓ। ਲਾਲ ਰੰਗ ਦੇ ਪਿਆਜ਼ ਤਿਆਰ ਕਰਨ ਵਾਸਤੇ ਪੀ.ਉ.ਐਚ.-1, ਪੀ ਆਰ ਓ-7/ ਪੀ ਆਰ ਓ-6/ ਪੰਜਾਬ ਨਰੋਆ, ਪੀਲੇ ਪਿਆਜ਼ ਵਾਸਤੇ ਵੀ ਵਾਈ ਓ-135 ਅਤੇ ਚਿੱਟੇ ਪਿਆਜ਼ ਵਾਸਤੇ ਪੀ ਡਬਲਓ ਓ-35/ਪੰਜਾਬ ਵਾਈਟ ਕਿਸਮਾਂ ਬੀਜੋ। ਪਨੀਰੀ ਅਤੇ ਖੇਤ ਦੀ ਅਨੁਪਾਤ 1:20 ਰੱਖੋ। ਸਾਉਣੀ ਦੀ ਫ਼ਸਲ ਨੂੰ ਹਫਤੇ ਪਿੱਛੋਂ ਪਾਣੀ ਦਿੰਦੇ ਰਹੋ। ਜੇਕਰ ਬੀਜ ਬਨਾਉਣਾ ਹੈ ਤਾਂ ਗੰਢੇ ਬੀਜ ਦਿਉ।

**ਪੱਤੇਦਾਰ ਸਬਜ਼ੀਆਂ**: ਪਾਲਕ ਦੀ ਪੰਜਾਬ ਗਰੀਨ ਕਿਸਮ ਦਾ 5 ਕਿਲੋ ਬੀਜ ਪ੍ਰਤੀ ਏਕੜ 20 ਸੈ.ਮੀ. ਦਾ ਫਾਸਲੇ ਤੇ ਕਤਾਰਾਂ ਵਿੱਚ ਬੀਜੋ। 10 ਟਨ ਗਲੀ ਸੜੀ ਰੂੜੀ, 35 ਕਿਲੋ ਯੂਰੀਆ ਅਤੇ 75 ਕਿਲੋ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਤੋਂ ਪਹਿਲਾ ਪਾਉ। ਸਲਾਦ ਦਾ 400 ਗ੍ਰਾਮ ਬੀਜ ਪ੍ਰਤੀ ਏਕੜ ਵਾਸਤੇ ਨਰਸਰੀ ਵਿੱਚ ਬੀਜੋ। ਬੀਜ ਜਾਂ ਪਨੀਰੀ ਲਾਉਣ ਤੋ ਪਹਿਲਾ 55 ਕਿਲੋ ਯੂਰੀਆਂ ਅਤੇ 75 ਕਿੱਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਉ। ਕਤਾਰਾਂ ਅਤੇ ਬੂਟਿਆਂ ਦਾ ਫਾਸਲਾ 45 ਅਤੇ 30 ਸੈ.ਮੀ. ਰੱਖੋ।

ਮੇਥੀ ਦੀ ਕਿਸਮ ਪੰਜਾਬ ਸੁਪਰੀਮ 10 ਕਿੱਲੋ ਪ੍ਰਤੀ ਏਕੜ ਬੀਜ ਦੇ ਹਿਸਾਬ ਨਾਲ 20 ਸੈਂਟੀਮੀਟਰ ਚੌੜੀਆਂ ਕਤਾਰਾਂ ਵਿੱਚ ਬੀਜੋ।ਇਸ ਫਸਲ ਨੂੰ 65 ਕਿੱਲੋ ਯੂਰੀਆ ਪ੍ਰਤੀ ਏਕੜ 3 ਹਿਸਿਆ ਵਿੱਚ ਪਾਉ। ਅੱਧੀ ਖੁਰਾਕ ਬਿਜਾਈ ਵੇਲੇ ਅਤੇ ਬਾਕੀ ਖੁਰਾਕ ਦੋ ਹਿਸਿਆ ਵਿੱਚ ਪਹਿਲੀ ਅਤੇ ਦੂਜੀ ਤੁੜਾਈ ਤੇ ਪਾਉ।

**ਮਟਰ**: ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿੱਚ ਅਗੇਤੀਆਂ ਕਿਸਮਾਂ ਮਟਰ ਅਗੇਤਾ-7 ਅਤੇ ਏ ਪੀ-3 ਦੀ ਬਿਜਾਈ ਸੁਰੂ ਕਰ ਦਿਉ। ਮਟਰਾਂ ਦੀਆਂ ਅਗੇਤੀਆਂ ਕਿਸਮਾਂ ਲਈ 45 ਕਿੱਲੋ ਅਤੇ ਮੁੱਖ ਸਮੇਂ ਦੀਆਂ ਕਿਸਮਾਂ ਵਾਸਤੇ 30 ਕਿੱਲੋ ਬੀਜ ਪ੍ਰਤੀ ਏਕੜ ਦੇ ਹਿਸਾਬ ਨਾਲ ਪਾਓ। ਕਿਸਮਾਂ ਪੰਜਾਬ-89 ਅਤੇ ਮਿੱਠੀ ਫ਼ਲੀ ਦੀ ਬਿਜਾਈ 30×10 ਸੈ.ਮੀ. ਦੇ ਫਾਸਲੇ ਤੇ ਕਰੋ। 45 ਕਿਲੋ ਯੂਰੀਆ, 155 ਕਿਲੋ ਸਿੰਗਲ ਸੁਪਰਫਾਸਫੇਟ ਪ੍ਰਤੀ ਏਕੜ ਬਿਜਾਈ ਵੇਲੇ ਪਾਓ। ਮਟਰਾਂ ਦੇ ਉਖੇੜਾ ਰੋਗ ਨੂੰ ਰੋਕਣ ਲਈ ਬੀਜ ਨੂੰ ਬੀਜਣ ਤੋਂ ਪਹਿਲਾ ਸੂਡੋਮੋਨਾਸ ਫਲੋਰੇਸੈਂਸ ਫਾਰਮੂਲੇਸਨ 15 ਗ੍ਰਾਮ ਪ੍ਰਤੀ ਕਿਲੋ ਬੀਜ ਨਾਲ ਸੋਧੋ। ਤਣੇ ਦੀ ਮੱਖੀ ਦੀ ਰੋਕਥਾਮ ਲਈ 10 ਕਿਲੋ ਫੁਰਾਡਾਨ 3 ਜੀ (ਕਾਰਬੋਫੂਰਾਨ) ਪ੍ਰਤੀ ਏਕੜ ਬਿਜਾਈ ਸਮੇਂ ਸਿਆੜਾ ਵਿੱਚ ਪਾਓ। ਦਾਣੇਦਾਰ ਜ਼ਹਿਰਾਂ ਦੀ ਵਰਤੋ ਦਸਤਾਨੇ ਪਹਿਨ ਕੇ ਕਰੋ।

**ਬਾਗਬਾਨੀ**: ਫ਼ਲਾਂ ਦੇ ਨਵੇਂ ਲਗਾਏ ਬੂਟੇ ਬਹੁਤ ਹੀ ਕੋਮਲ ਹੁੰਦੇ ਹਨ ਅਤੇ ਉਹ ਜ਼ਿਆਦਾ ਹੀ ਦੇਖਭਾਲ ਮੰਗਦੇ ਹਨ, ਇਹਨਾਂ ਬੂਟਿਆਂ ਨੂੰ ਬਾਂਸ ਦੇ ਡੰਡਿਆਂ ਨਾਲ ਸਹਾਰਾ ਦਿਤਾ ਜਾ ਸਕਦਾ ਹੈ ਤਾਂਕਿ ਇਹ ਸਿਧੇ ਵਧਣ ਅਤੇ ਇਹਨਾਂ ਦਾ ਢਾਂਚਾ ਅਤੇ ਅਕਾਰ ਸਹੀ ਬਣੇ । ਇਨ੍ਹਾਂ ਬੂਟਿਆਂ ਨੂੰ ਲਗਾਤਾਰ ਹਲਕੇ ਪਾਣੀ ਦਿੰਦੇ ਰਹੋ। ਜਿੰਨੀਆਂ ਵੀ ਸ਼ਾਖਾਂਵਾਂ ਪਿਉਂਦੀ ਸ਼ਾਖ਼ਾ ਦੇ ਹੇਠੋਂ ਨਿਕਲਿਆਂ ਹੋਣ ਉਹਨਾਂ ਨੂੰ ਲਗਾਤਾਰ ਕਟਦੇ ਰਹੋ।ਨਵੇਂ ਲਗਾਏ ਜਾਂ ਛੋਟੇ ਬੂਟਿਆਂ ਵਾਲੇ ਬਾਗਾਂ ਵਿੱਚ ਅੰਤਰ-ਫਸਲਾਂ ਦੀ ਬਿਜਾਈ ਲਈ ਇਹ ਢੁਕਵਾਂ ਸਮਾਂ ਹੈ। ਇਨ੍ਹਾਂ ਵਿੱਚ ਹਾੜ੍ਹੀ ਦੀਆਂ ਫ਼ਸਲਾਂ ਜਿਵੇਂ ਕਣਕ, ਸੇਂਜੀ, ਮਟਰ ਅਤੇ ਛੋਲੇ ਆਦਿ ਦੀ ਬਿਜਾਈ ਕੀਤੀ ਜਾ ਸਕਦੀ ਹੈ। ਬੇਰਾਂ ਦੇ ਫਲ ਝੜਨ ਤੋਂ ਰੋਕਣ ਲਈ 15 ਗ੍ਰਾਮ ਐਨ.ਏ.ਏ (ਨੈਪਥਲੀਨ ਐਸਟਿਕ ਐਸਿਡ) ਨੂੰ 500 ਲਿਟਰ ਪਾਣੀ ਵਿੱਚ ਮਿਲਾ ਕੇ ਅੱਧ ਅਕਤੂਬਰ ਅਤੇ ਫਿਰ ਅੱਧ ਨਵੰਬਰ ਵਿੱਚ ਛਿੜਕਾਅ ਕਰੋ। ਇਸ ਦਵਾਈ ਨੂੰ ਪਹਿਲਾ ਥੋੜੀ ਜਿਹੀ ਅਲਕੋਹਲ ਵਿੱਚ ਗੋਲ ਲਵੋ। ਬੇਰਾਂ ਦੇ ਬਾਗਾਂ ਵਿੱਚ ਨਦੀਨਾਂ ਦੀ ਰੋਕਥਾਮ ਲਈ ਬੂਟਿਆਂ ਦੀ ਛੱਤਰੀ ਹੇਠ 5.0 ਟਨ ਝੋਨੇ ਦੀ ਪਰਾਲੀ ਪ੍ਰਤੀ ਏਕੜ ਦੇ ਹਿਸਾਬ ਨਾਲ ਅਕਤੂਬਰ ਦੇ ਦੂਜੇ ਪੰਦਰਵਾੜੇ ਵਿੱਚ ਵਿਛਾਓ। ਇਸ ਸਮੇ ਜਿਨਾਂ ਫ਼ਲਦਾਰ ਬੂਟਿਆ ਉਪਰ ਫ਼ਲ ਨਹੀ ਹੈ ਉਹਨਾਂ ਬਾਗਾਂ ਵਿੱਚ ਬਰੂ, ਕਾਹੀ, ਭੰਗ ਅਤੇ ਮੋਥਾ ਆਦਿ ਖ਼ਤਮ ਕਰਨ ਲਈ ਹਲਕੀ ਵਹਾਈ ਕਰ ਦਿਉ ਅਤੇ ਦੌਰਾਂ ਨੂੰ ਖੁਰਪੇ ਜਾਂ ਕਹੀ ਨਾਲ ਸਾਫ਼ ਕਰ ਦਿਉ । ਲੁਕਾਠ ਦੇ ਬੂਟਿਆਂ ਨੂੰ ਨਾਈਟ੍ਰੋਜਨ ਵਾਲੀ ਖ਼ਾਦ ਦੀ ਪਹਿਲੀ ਖ਼ੁਰਾਕ 500 ਗ੍ਰਾਮ ਯੂਰੀਆ ਪ੍ਰਤੀ ਬੂਟਾ ਦੇ ਹਿਸਾਬ ਨਾਲ ਪਾਉ।ਛਿਲਕਾ ਖਾਣ ਅਤੇ ਤਣੇ ਵਿੱਚ ਸੁਰੰਗਾਂ ਬਨਾਉਣ ਵਾਲੇ ਕੀੜਿਆਂ ਦੇ ਜਾਲੇ ਲਾਹ ਕੇ ਸੁਰੰਗਾਂ ਵਿੱਚ ਮਿੱਟੀ ਦਾ ਤੇਲ ਪਾਉ।ਨਿੰਬੂ ਜਾਤੀ ਤੇ ਸੁਰੰਗੀ ਕੀੜੇ ਦੀ ਰੋਕਥਾਮ ਲਈ 200 ਮਿ.ਲਿ. ਕਰੋਕੋਡਾਈਲ/ਕਨਫੀਡੋਰ 17.8 ਐਸ ਐਲ ਪ੍ਰਤੀ ਏਕੜ 500 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕੋ। ਨਿੰਬੂ ਜਾਤੀ ਦੇ ਖ਼ਰੀਂਢ ਰੋਗ ਨੂੰ ਖ਼ਤਮ ਕਰਨ ਲਈ 50 ਗ੍ਰਾਮ ਸਟਰੈਪਟੋਸਾਈਕਲੀਨ+25 ਗ੍ਰਾਮ ਕੌਪਰ ਸਲਫੇਟ 500 ਲੀਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰੋ। ਬੋਰਡੋ ਮਿਸਰਣ (2:2:250) ਜਾਂ ਕਾਪਰ ਆਕਸੀਕਲੋਰਾਈਡ (0.3%) ਦਾ ਛਿੜਕਾਅ ਵੀ ਕੀਤਾ ਜਾ ਸਕਦਾ ਹੈ।ਬੇਰਾਂ ਦੇ ਪੱਤਿਆਂ ਦੇ ਕਾਲੇ ਨਿਸ਼ਾਨਾਂ ਦੀ ਬਿਮਾਰੀ ਨੂੰ ਕਾਬੂ ਕਰਨ ਲਈ ਬੂਟਿਆਂ ਉੱਪਰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਕਰੋ।

## ਸਜਾਵਟੀ ਬੂਟੇ

**ਮੌਸਮੀ ਫੁੱਲ** : ਸਰਦੀ ਦੇ ਮੌਸਮੀ ਫੁੱਲ ਜਦੋਂ 4-6 ਪੱਤੇ ਕੱਢ ਲੈਣ ਤਾਂ ਗਮਲਿਆਂ ਜਾਂ ਕਿਆਰੀਆਂ ਵਿੱਚ ਲਾਉਣੇ ਸ਼ੁਰੂ ਕਰ ਦਿਓ।

**ਗੁਲਦਾਉਦੀ** : ਕਮਜ਼ੋਰ ਅਤੇ ਭਾਰੇ ਬੂਟਿਆਂ ਨੂੰ ਕਾਨਿਆਂ/ਬਾਂਸ ਦਾ ਸਹਾਰਾ ਦਿਉ। ਵੱਡੇ ਫੁੱਲਾਂ ਵਾਲੀਆਂ ਕਿਸਮਾਂ ਵਿੱਚ ਪਾਸੇ ਵਾਲੀਆਂ ਟਾਹਣੀਆਂ ਨੂੰ ਤੋੜ ਦਿਉ।

**ਗੁਲਾਬ:** ਇਸ ਮਹੀਨੇ ਗੁਲਾਬ ਦੀ ਕਾਂਟ-ਛਾਂਟ ਕੀਤੀ ਜਾਂਦੀ ਹੈ ਤਾਂ ਕਿ ਸੁੱਕੀਆਂ ਹੋਈਆਂ ਅਤੇ ਬਿਮਾਰ ਟਾਹਣੀਆਂ ਕੱਟੀਆਂ ਜਾ ਸਕਣ। ਕੱਟਣ ਤੋਂ ਤੁਰੰਤ ਬਾਅਦ ਕੱਟੇ ਹੋਏ ਸਿਰਿਆਂ ਉੱਪਰ ਬੋਰਡੋ ਪੇਸਟ ਲਾਉਣਾ ਚਾਹੀਦਾ ਹੈ। ਗੁਲਾਬ ਦੀਆਂ ਕਿਆਰੀਆਂ ਦੀ ਗੁਡਾਈ ਕਰਕੇ ਦੇਸੀ ਰੂੜੀ ਦੀ ਖਾਦ ਪਾਉਣ ਦਾ ਕੰਮ ਇਸ ਮਹੀਨੇ ਕੀਤਾ ਜਾਣਾ ਚਾਹੀਦਾ ਹੈ।

**ਗੰਢਿਆਂ ਵਾਲੇ ਬੂਟੇ:** ਨਰਗਿਸ, ਗਲੈਡੀਓਲਸ ਅਤੇ ਡੇਲੀਆ ਦੇ ਗੰਢੇ ਇਸ ਮਹੀਨੇ ਬੀਜੇ ਜਾ ਸਕਦੇ ਹਨ। ਗਰਮੀਆਂ ਵਾਲੇ ਪੌਦੇ ਜਿਵੇਂ ਕਲੇਡੀਅਮ, ਰਜਨੀਗੰਧਾਂ ਅਤੇ ਫੁੱਟਬਾਲ ਲਿੱਲੀ ਨੂੰ ਪਾਣੀ ਦੇਣਾ ਬੰਦ ਕਰ ਦਿਉ। ਜਦੋਂ ਬੂਟਿਆਂ ਦੇ ਪੱਤੇ ਪੀਲੇ ਹੋ ਜਾਣ, ਤਾਂ ਗੰਢੇ ਪੱਟ ਲਉ ਅਤੇ ਜਰੂਰਤ ਅਨੁਸਾਰ ਸਾਂਭ ਲਓ।

**ਪਸ਼ੂ ਪਾਲਣ**: ਮੱਝਾਂ ਵਿਚ ਜੇ ਪਸ਼ੂ ਸ਼ਾਮੀਂ ਹੇਹੇ ਵਿੱਚ ਆਵੇ ਤਾਂ ਟੀਕਾ ਸਵੇਰੇ ਲਗਵਾਉ ਅਤੇ ਜੇ ਸਵੇਰੇ ਬੋਲੇ ਤਾਂ ਸ਼ਾਮ ਵੇਲੇ ਲਗਵਾ ਲਉ। ਦੋਗਲੀਆਂ ਗਾਵਾਂ ਵਿੱਚ ਟੀਕਾ ਅੱਧੇ ਹੇਹੇ ਦੇ ਅਖ਼ੀਰ ਜਾਂ ਹੇਹਾ ਖਤਮ ਹੋਣ ਤੋਂ 8-10 ਘੰਟੇ ਪਹਿਲਾਂ ਲਗਵਾਉ। 18-21 ਦਿਨ ਬਾਅਦ ਦੁਬਾਰਾ ਹੇਹੇ ਵਾਸਤੇ ਵੇਖੋ। ਆਸ ਹੋਣ ਤੇ ਢਾਈ ਤਿੰਨ ਮਹੀਨੇ ਬਾਅਦ ਪਸ਼ੂ ਦੀ ਗਰਭ ਵਾਸਤੇ ਪਰਖ਼ ਕਰਵਾਉ। ਸ਼ੈੱਡ ਅੰਦਰ ਪਰਾਲੀ ਜਾਂ ਰੇਤ ਦੀ ਸੁੱਕ ਪਾ ਦਿਉ ਤਾਂ ਕਿ ਇਹ ਅੰਦਰੋਂ ਸੁੱਕਾ ਅਤੇ ਨਿੱਘਾ ਰਹੇ। ਕੱਟੜੂ/ਵੱਛੜੂ ਦੇ ਸਮੇਂ ਸਿਰ ਸਿੰਗ ਦਗਵਾਉ ਅਤੇ ਸਮੇਂ ਸਮੇਂ ਸਿਰ ਮਲ੍ਹੱਪ ਰਹਿਤ ਕਰੋ। ਬਦਲਦੇ ਮੌਸਮ ਵਿੱਚ ਦੋਗਲੇ ਪਸ਼ੂਆਂ ਨੂੰ ਕਈ ਬੀਮਾਰੀਆਂ ਹੁੰਦੀਆਂ ਹਨ, ਇਸ ਲਈ ਇਨ੍ਹਾਂ ਦਾ ਖ਼ਾਸ ਖਿਆਲ ਰੱਖੋ। ਬਿਮਾਰੀ ਦੀ ਹਾਲਤ ਵਿੱਚ ਡਾਕਟਰ ਦੀ ਸਲਾਹ ਲਵੋ। ਜ਼ਿਆਦਾ ਦੁੱਧ ਵਾਸਤੇ ਪਸ਼ੂਆਂ ਦੀ ਚੁਆਈ ਜਲਦੀ, ਸ਼ਾਂਤ, ਸਾਫ਼-ਸੁਥਰੇ ਮਾਹੌਲ ਅਤੇ ਸਹੀ ਤਰੀਕੇ ਨਾਲ ਕਰੋ। ਪਸ਼ੂਆਂ ਵਿੱਚ ਚਿੱਚੜਾਂ ਦੇ ਹਮਲੇ ਲਈ ਚੌਕਸ ਰਹੋ।ਧੱਫੜੀ ਬਿਮਾਰੀ (ਲੰਪੀ ਸਕਿਨ ਡਿਜ਼ੀਜ਼) ਤੋਂ ਬਚਾਅ ਲਈ ਪਸ਼ੂਆਂ ਨੂੰ ਬਿਮਾਰ ਪਸ਼ੂਆਂ ਦੇ ਸੰਪਰਕ ਵਿੱਚ ਆਉਣ ਤੋਂ ਰੋਕੋ। ਆਪਣੀ ਅਤੇ ਕਾਮਿਆਂ ਦੀ ਦੂਜੇ ਫਾਰਮਾਂ ਤੇ ਆਵਾਜਾਈ ਅਤੇ ਬਾਹਰਲੇ ਵਿਅਕਤੀਆਂ ਦੇ ਫਾਰਮ ਤੇ ਆਉਣ ਜਾਣ ਤੇ ਰੋਕ ਲਗਾਓ। ਚਿੱਚੜਾਂ, ਮੱਛਰਾਂ ਮੱਖੀਆਂ ਨੂੰ ਫਾਰਮ ਤੋਂ ਦੂਰ ਰੱਖਣ ਲਈ ਗੋਹੇ ਦੀਆਂ ਪਾਥੀਆਂ ਤੇ ਗੁਗੱਲ, ਮੁਸ਼ਕ ਕਾਫੂਰ ਅਤੇ ਨਿੰਮ ਦੇ ਪੱਤਿਆਂ ਦੀ ਸਵੇਰੇ ਸ਼ਾਮ ਧੂਣੀ ਕਰੋ। ਰੋਗੀ ਪਸ਼ੂਆਂ ਦੇ ਪਿੰਡੇ ਤੇ ਸਾਫ ਕੱਪੜੇ ਨਾਲ ਫੱਟਕੜੀ ਦਾ ਘੋਲ ਲਗਾਓ। ਤੰਦਰੁਰਸਤ ਪਸ਼ੂਆਂ ਦਾ ਗੋਟ ਪੌਕਸ ਵੈਕਸੀਨ ਨਾਲ ਟੀਕਾਕਰਣ ਕਰਾਓ।

**ਮੁਰਗੀ ਪਾਲਣ** : ਆਂਡਿਆਂ ਦੀ ਪੈਦਾਵਾਰ ਵਿੱਚ ਰੌਸ਼ਨੀ ਦਾ ਮਹੱਤਵਪੂਰਨ ਹਿੱਸਾ ਹੈ। ਸੋ ਮੁਰਗੀਆਂ ਨੂੰ 14-16 ਘੰਟੇ (ਦਿਨ ਦੀ ਰੌਸ਼ਨੀ ਮਿਲਾ ਕੇ) ਰੌਸ਼ਨੀ ਦੇਣੀ ਚਾਹੀਦੀ ਹੈ ਅਤੇ ਸ਼ੁਰੂ ਵਿੱਚ ਹੌਲੀ-ਹੌਲੀ ਵਧਾਉਣੀ ਚਾਹੀਦੀ ਹੈ। ਆਂਡੇ ਦਾ ਛਿਲਕਾ ਪਤਲਾ ਨਾ ਹੋਵੇ ਇਸ ਲਈ ਪੱਥਰ ਦੀ ਮਾਤਰਾ ਵਧਾ ਦੇਣੀ ਚਾਹੀਦੀ ਹੈ। ਹਫ਼ਤੇ ਵਿੱਚ 2-3 ਵਾਰ ਸੁੱਕ ਨੂੰ ਹਿਲਾਉਣਾ ਚਾਹੀਦਾ ਹੈ ਤਾਂ ਜੋ ਸੁੱਕੀ ਰਹਿ ਸਕੇ। ਮੀਟ ਵਾਲੇ ਚੂਚੇ ਪਾਲਣ ਲਈ ਇਹ ਵਧੀਆ ਮੌਸਮ ਹੈ। ਸੋ ਕਿਸੇ ਭਰੋਸੇਯੋਗ ਹੈਚਰੀ ਤੋਂ ਹੀ ਚੂਚੇ ਬੁੱਕ ਕਰਵਾਉ। ਚੂਚਿਆਂ ਦੀ ਉਮਰ ਮੁਤਾਬਕ ਖ਼ੁਰਾਕ ਦਿਉ।

## ਵਣ ਖੇਤੀ

**ਪਾਪਲਰ**:

- ✓ ਪਾਪਲਰ ਦੀਆਂ ਨਰਸਰੀਆਂ ਅਤੇ ਪਲਾਂਟੇਸ਼ਨਾਂ ਨੂੰ ਪਾਣੀ ਪੰਦਰਾਂ ਦਿਨ੍ਹਾਂ ਬਾਅਦ ਲਗਾਉਣਾ ਚਾਹੀਦਾ ਹੈ।
- ✓ ਇਸ ਸਮੇਂ ਪਾਪਲਰ ਦੀ ਪੱਤੇ ਝਾੜਨ ਵਾਲੀ ਸੁੰਡੀ ਅਤੇ ਪੱਤਾ ਲਪੇਟ ਸੁੰਡੀ ਦਾ ਹਮਲਾ ਜ਼ਿਆਦਾ ਹੁੰਦਾ ਹੈ। ਇਨ੍ਹਾਂ ਕੀੜਿਆਂ ਦੀ ਰੋਕਥਾਮ ਲਈ ਇਨ੍ਹਾਂ ਦੁਆਰਾ ਪ੍ਰਭਾਵਿਤ ਪੱਤਿਆਂ ਨੂੰ ਇਕੱਠੇ ਕਰਕੇ ਸਾੜ ਦਿਉ।
- ✓ ਰੇਤਲੀਆਂ ਜ਼ਮੀਨਾਂ ਵਿੱਚ ਕਈ ਵਾਰ ਜ਼ਿੰਕ ਦੀ ਘਾਟ ਆਉਂਦੀ ਹੈ, ਜਿਸ ਕਾਰਨ ਪੱਤਿਆਂ ਦਾ ਹਰਾ ਹਿੱਸਾ ਪੀਲਾ ਪੈਣਾ ਸ਼ੁਰੂ ਹੋ ਜਾਂਦਾ ਹੈ । ਘਾਟ ਦੀ ਪੂਰਤੀ ਲਈ ਪ੍ਰਤੀ ਬੂਟਾ ਜ਼ਿੰਕ ਸਲਫੇਟ (21%) ਪਹਿਲੇ ਸਾਲ 100 ਗ੍ਰਾਮ, ਤੀਜੇ ਸਾਲ 200 ਗ੍ਰਾਮ ਅਤੇ ਪੰਜਵੇਂ ਸਾਲ 300 ਗ੍ਰਾਮ ਪਾਉ। ਇੱਕ ਵਾਰੀ ਪਾਈ ਜ਼ਿੰਕ ਦੋ ਸਾਲ ਲਈ ਕਾਫੀ ਹੁੰਦੀ ਹੈ।
- ✓ ਇਸ ਮਹੀਨੇ ਪਾਪਲਰ ਹੇਠਾਂ ਕਣਕ ਜਾਂ ਗੰਨੇ ਦੀ ਕਾਸ਼ਤ ਕੀਤੀ ਜਾ ਸਕਦੀ ਹੈ।

**ਸ਼ਹਿਦ ਦੀਆਂ ਮੱਖੀਆਂ ਪਾਲਣਾ** : ਬੇਰੀਆਂ, ਤੋਰੀਏ ਅਤੇ ਸਰੋਂ ਦੀ ਫ਼ਸਲ ਤੋਂ ਵੱਧ ਤੋਂ ਵੱਧ ਸ਼ਹਿਦ ਦੀ ਪ੍ਰਾਪਤੀ ਲਈ ਸ਼ਹਿਦ ਮੱਖੀਆਂ ਦੇ ਕਟੁੰਬਾਂ ਦੀ ਬਲਤਾ ਵਧਾਉਣ ਦੇ ਲੋੜੀਂਦੇ ਉਪਰਾਲੇ ਕੀਤੇ ਜਾਣੇ ਚਾਹੀਦੇ ਹਨ। ਜੇ ਸੰਭਵ ਹੋਵੇ ਤਾਂ ਕਟੁੰਬਾਂ ਦੀ ਹਿਜ਼ਰਤ ਇਨ੍ਹਾਂ ਫ਼ਸਲਾਂ ਵਾਲੇ ਇਲਾਕਿਆਂ ਵਿੱਚ ਕੀਤੀ ਜਾਵੇ ਤਾਂ ਕਿ ਸ਼ਹਿਦ ਦੀ ਉਪਜ ਅਤੇ ਕਟੁੰਬਾਂ ਦੀ ਬਲਤਾ ਵਧ ਸਕੇ। ਪਰ ਸ਼ਹਿਦ ਮੱਖੀ ਪਾਲਕਾਂ ਦੇ ਹਿਜਰਤ ਕੀਤੇ ਸ਼ਹਿਦ ਮੱਖੀ ਫਾਰਮਾਂ ਦਰਮਿਆਨ ਸੁਰੱਖਿਅਤ ਵਿੱਥ ਹੋਣਾ ਬਹੁਤ ਲਾਜ਼ਮੀ ਹੈ ਤਾਂ ਜੋ ਸ਼ਹਿਦ ਮੱਖੀ ਬਿਮਾਰੀਆਂ ਅਤੇ ਚਿਚੜੀਆਂ ਨੂੰ ਫ਼ੈਲਣ ਤੋਂ ਰੋਕਿਆ ਜਾ ਸਕੇ। ਬਾਹਰੀ ਪ੍ਰਜੀਵੀ ਬਰੂਡ ਮਾਈਟ/ਚਿੱਚੜੀ (*ਟਰੋਪਲੀਲੈਪਸ ਕਲੈਰੀ*) ਦੇ ਹਮਲੇ ਦੀ ਸੂਰਤ ਵਿੱਚ ਅੰਦਰਲੇ ਢੱਕਣ ਹੇਠਾਂ ਛੱਤਿਆਂ ਦੇ ਉਪਰਲਿਆਂ ਡੰਡਿਆਂ ਉੱਤੇ ਗੰਧਕ ਦਾ ਧੂੜਾ 1 ਗ੍ਰਾਮ ਪ੍ਰਤੀ ਛੱਤੇ ਦੇ ਹਿਸਾਬ ਨਾਲ ਧੂੜੋ। ਢੁਕਵੇਂ ਬਦਲਾਅ ਦੇ ਤੌਰ ਤੇ ਫਾਰਮਿਕ ਐਸਿਡ (85%) 5 ਮਿ.ਲਿ. ਹਰ ਰੋਜ਼ ਦੇ ਹਿਸਾਬ ਨਾਲ ਲਗਾਤਾਰ ਦੋ ਹਫ਼ਤੇ ਵਰਤੋ। ਫਾਰਮਿਕ ਐਸਿਡ ਵਰੋਆ ਚਿੱਚੜੀ ਦੀ ਰੋਕਥਾਮ ਲਈ ਵੀ ਫ਼ਾਇਦੇਮੰਦ ਹੈ। ਫਾਰਮਿਕ ਐਸਿਡ ਦੀ ਵਰਤੋਂ ਨੈਕਟਰ ਦੀ ਆਮਦ ਸਮੇਂ ਨਹੀ ਕਰਨੀ। ਵਰੋਆ ਚਿਚੜੀ ਦਾ ਜ਼ਿਆਦਾ ਹਮਲਾ ਹੋਣ ਦੀ ਸੂਰਤ ਵਿੱਚ ਫਾਰਮਿਕ ਐਸਿਡ ਦੀ ਵਰਤੋਂ ਦੇ ਨਾਲ ਸੀਲ ਡਰੋਨ ਬਰੂਡ ਵਾਲੇ ਛੱਤਿਆਂ ਨੂੰ ਕੱਟ ਕੇ ਨਸ਼ਟ ਕਰਨਾ ਅਤੇ ਬੌਟਮ ਬੋਰਡ ਉੱਤੇ ਚਿਪਕਣ ਵਾਲਾ ਕਾਗਜ਼ (ਸਟੀਕਰ) ਰੱਖਣਾ ਇਸ ਚਿੱਚੜੀ ਦੀ ਰੋਕਥਾਮ ਵਾਸਤੇ ਸਹਾਈ ਹੁੰਦੇ ਹਨ। ਛੱਤਿਆਂ ਦੇ ਵਿਚਾਲੇ ਦੇਰ ਸ਼ਾਮ ਵੇਲੇ 15 ਗ੍ਰਾਮ ਬਰੀਕ ਪੀਸੀ ਖੰਡ ਪ੍ਰਤੀ 10 ਫਰੇਮ ਕਟੁੰਬ ਵਿੱਚ ਇਕਸਾਰ ਧੂੜ ਕੇ ਵੀ ਇਸ ਚਿੱਚੜੀ ਤੋਂ ਰੋਕਥਾਮ ਹੋ ਸਕਦੀ ਹੈ। ਐਗਜ਼ੌਲਿਕ ਐਸਿਡ ਦਾ ਘੋਲ ਤਿਆਰ ਕਰਕੇ (4.2%, ਖੰਡ ਦੇ ਪਾਣੀ ਵਿੱਚ 60% ਘੋਲ ਵਿੱਚ) ਇਸ ਦੀ ਦੇਰ ਸ਼ਾਮ ਨੂੰ ਜਵਾਨ ਮੱਖੀਆਂ ਤੇ ਹਫਤੇ-ਹਫਤੇ ਦੇ ਵਕਫੇ ਤੇ ਤਿੰਨ ਵਾਰ ਛਿੜਕਾਅ ਕਰਨ (5 ਮਿ.ਲਿ. ਪ੍ਰਤੀ ਮੱਖੀ ਛੱਤਾ) ਨਾਲ ਵੀ ਇਸ ਚਿਚੜੀ ਦੀ ਰੋਕਥਾਮ ਕੀਤੀ ਜਾ ਸਕਦੀ ਹੈ। ਕਟੁੰਬਾਂ ਵਿੱਚ ਢੁੱਕਵੀਂ ਵਿੱਥ ਰੱਖ ਕੇ ਅਤੇ ਸ਼ਹਿਦ ਸਿਰਫ਼ ਬਰੂਡ ਰਹਿਤ ਸੁਪਰਾਂ ਵਿੱਚੋਂ ਹੀ ਕੱਢ ਕੇ, ਜੋ ਕਿ ਰਾਣੀ ਨਿਖੇੜੂ ਜਾਲੀ ਦੁਆਰਾ ਬਰੂਡ ਚੈਂਬਰ ਨਾਲੋਂ ਅੱਡ ਕੀਤੇ ਹੋਣ, ਸ਼ਹਿਦ ਮੱਖੀ ਫਾਰਮ ਵਿੱਚ ਇਸ ਚਿੱਚੜੀ ਦੇ ਫੈਲਾਅ ਨੂੰ ਠੱਲ੍ਹ ਪਾਈ ਜਾ ਸਕਦੀ ਹੈ। ਬਰੂਡ ਬਿਮਾਰੀਆਂ ਬਾਰੇ ਸੁਚੇਤ ਰਹੋ ਅਤੇ ਇਨ੍ਹਾਂ ਦੇ ਹੋਣ ਦੇ ਸ਼ੱਕ ਦੀ ਸੂਰਤ ਵਿੱਚ ਮਾਹਿਰਾਂ ਦੀ ਸਲਾਹ ਲਉ ਅਤੇ ਸੁਝਾਏ ਰੋਕਥਾਮ ਦੇ ਉਪਰਾਲੇ ਕਰੋ। ਗੈਰ ਰਸਾਇਣਕ ਤਰੀਕਿਆਂ ਨੂੰ ਤਰਜੀਹ ਦਿਉ। ਸ਼ੱਕੀ ਕਟੁੰਬ ਤੰਦਰੁਸਤ ਕਟੁੰਬਾ ਨਾਲੋਂ ਅੱਡ ਕਰ ਦਿਉ। ਬਿਮਾਰੀਆਂ ਦੀ ਰੋਕਥਾਮ ਲਈ ਐਂਟੀਬਾਇਟਿਕਾਂ ਦੀ ਵਰਤੋਂ ਤੋਂ ਗੁਰੇਜ਼ ਕਰਨਾ ਚਾਹੀਦਾ ਹੈ। ਰਸਾਇਣਾਂ ਦੀ ਵਰਤੋਂ ਆਪਣੇ ਹੀ ਪੱਧਰ ਤੇ ਨਿਰਣਾ ਕਰਕੇ ਨਹੀਂ ਕਰਨੀ ਚਾਹੀਦੀ। ਸਗੋਂ ਸ਼ਹਿਦ ਮੱਖੀ ਮਾਹਿਰਾਂ/ਵਿਗਿਆਨੀਆਂ ਦੀ ਸਲਾਹ ਲੈਣੀ ਚਾਹੀਦੀ ਹੈ। ਢੁਕਵੇਂ ਮੌਸਮ ਅਤੇ ਫੁੱਲ-ਫੁਲਾਕੇ ਵਾਲੇ ਇਲਾਕੇ ਵਿੱਚ, ਕਟੁੰਬਾਂ ਦੀ ਕਾਰਗੁਜ਼ਾਰੀ ਅਤੇ ਬਲਤਾ ਅਨੁਸਾਰ, ਕਟੁੰਬਾਂ ਵਿੱਚ ਨਿੱਖਟੂ (ਡਰੋਨ) ਮੱਖੀਆਂ ਹੋਣ ਦੀ ਹਾਲਤ ਵਿੱਚ, ਕਟੁੰਬਾਂ ਦੇ ਵਾਧੇ ਲਈ ਅਤੇ ਪੁਰਾਣੀਆਂ ਰਾਣੀਆਂ ਤਬਦੀਲ ਕਰਨ ਲਈ ਸਮੂਹਿਕ ਸਮਕਾਲੀ ਰਾਣੀ ਮੱਖੀਆਂ ਤਿਆਰ ਕਰਨ ਦੀ ਵਿਧੀ ਰਾਹੀਂ ਰਾਣੀ ਮੱਖੀਆਂ ਤਿਆਰ ਕੀਤੀਆਂ ਜਾ ਸਕਦੀਆਂ ਹਨ।

**ਖੁੰਬਾਂ ਦੀ ਕਾਸਤ:** ਬਟਨ ਖੁੰਬ ਦੀ ਕਾਸ਼ਤ ਲਈ ਕੰਪੋਸਟ ਦੀ ਤਿਆਰੀ ਦੌਰਾਨ, ਖੁੰਬ ਘਰ ਨੂੰ 4-5 % ਫਾਰਮਲਿਨ ਦੇ ਘੋਲ ਦਾ ਛਿੜਕਾਅ ਕਰਕੇ ਕੀਟਾਣੂ ਰਹਿਤ ਕਰੋ।ਇਸ ਮਹੀਨੇ ਦੇ 2-3 ਹਫਤੇ ਦੌਰਾਨ ਗੂੜੇ ਭੂਰੇ ਰੰਗ ਦੀ ਤਿਆਰ ਕੰਪੋਸਟ ਵਿੱਚ ਬੀਜ ਰਲਾ ਦਿਓ।ਬੀਜ ਰਲਾਉਣ ਤੋਂ ਬਾਅਦ ਕੰਪੋਸਟ ਨੂੰ ਮੋਮੀ ਲਿਫ਼ਾਫੇ ਜਾਂ ਲੱਕੜ ਦੀਆਂ ਪੇਟੀਆਂ ਵਿੱਚ ਭਰੋ।ਇਸ ਤੋਂ ਇਲਾਵਾ ਕੰਪੋਸਟ ਬੈੱਡ ਬਣਾ ਕੇ ਉਸਨੂੰ ਅਖਬਾਰਾਂ ਨਾਲ ਢੱਕ ਦਿਓ।ਨਮੀ ਬਰਕਰਾਰ ਰੱਖਣ ਲਈ ਰੋਜ਼ਾਨਾ ਦਿਨ ਵਿੱਚ ਇੱਕ ਵਾਰ ਪਾਣੀ ਦਾ ਛਿੜਕਾਅ ਕਰੋ।ਮੋਮੀ ਲਿਫ਼ਾਫਿਆਂ ਵਿੱਚ ਕਾਸ਼ਤ ਦੇ ਦੌਰਾਨ ਪੂਰੀ ਤਰ੍ਹਾਂ ਰੇਸ਼ਾ ਫੈਲਣ ਤੱਕ ਪਾਣੀ ਦੇ ਛਿੜਕਾਅ ਦੀ ਲੋੜ ਨਹੀਂ ਹੈ। ਕਾਸ਼ਤ ਦੌਰਾਨ, ਰੇਸ਼ਾ ਫੈਲਣ ਤੱਕ ਹਵਾ ਦੇ ਆਦਾਨ ਪ੍ਰਦਾਨ ਦੀ ਕੋਈ ਜ਼ਰੂਰਤ ਨਹੀਂ ਹੈ।ਕੇਸਿੰਗ ਮਿੱਟੀ ਤਿਆਰ ਕਰਨ ਲਈ ਰੂੜੀ ਖਾਦ ਅਤੇ ਰੇਤਲੀ ਮਿੱਟੀ ( 4:1 ) ਨੂੰ 4-5 %ਫਾਰਮਲਿਨ ਘੋਲ ਨਾਲ ਕੀਟਾਣੂ ਰਹਿਤ ਕਰੋ ।ਇਸੇ ਮਹੀਨੇ ਦੌਰਾਨ ਤੂੜੀ ਦੀ ਵਰਤੋਂ ਨਾਲ ਢੀਂਗਰੀ ਖੁੰਬ ਦੀ ਕਾਸ਼ਤ ਵੀ ਸ਼ੁਰੂ ਕਰ ਦਿੱਤੀ ਜਾਂਦੀ ਹੈ।ਅਗਲੀ ਗਰਮੀਆਂ ਦੇ ਸੀਜ਼ਨ ਵਾਸਤੇ ਪਰਾਲੀ ਖੁੰਬ ਦੀ ਕਾਸ਼ਤ ਲਈ ਇਸ ਮਹੀਨੇ ਦੌਰਾਨ ਝੋਨੇ ਦੀ ਕਟਾਈ ਤੋਂ ਬਾਅਦ ਪਰਾਲੀ ਨੂੰ ਸੁੱਕੀ ਜਗ੍ਹਾ ਤੇ ਜਮ੍ਹਾ ਕਰ ਲਓ ।

**ਸੰਯੋਜਕ:** ਅਮਰਜੀਤ ਸਿੰਘ

**ਸੰਗ੍ਰਹਿ ਕਰਤਾ:** ਪ੍ਰਦੀਪ ਕੁਮਾਰ ਛੁਨੇਜਾ, ਰਾਜੀਵ ਗੁਪਤਾ, ਕਮਲਜੀਤ ਸਿੰਘ ਸੂਰੀ, ਅਮਿਤ ਕੌਲ, ਗੁਰਵਿੰਦਰ ਸਿੰਘ ਢਿੱਲੋਂ, ਜਸਵਿੰਦਰ ਸਿੰਘ ਬਰਾੜ, ਰਣਜੀਤ ਸਿੰਘ, ਰੂਮਾ ਦੇਵੀ, ਰਣਜੀਤ ਸਿੰਘ ਅਤੇ ਸ਼ਿਵਾਨੀ ਸ਼ਰਮਾ।